# ਰਾਜ ਵਿਦਿਅਕ ਖ਼ੋਜ 'ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

Azadi Ka Amrit Mahotsav

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.)

ਸਮੂਹ ਸਕੂਲ ਮੁੱਖੀ (ਪ੍ਰਾਇਮਰੀ, ਮਿਡਲ,ਹਾਈ ਅਤੇ ਸੀਨੀਅਰ ਸੈਕੰਡਰੀ)

ਮੀਮੋ ਨੰ: SCERT/SCI/2022253602 ਮਿਤੀ: 21-09-2022

**ਵਿਸ਼ਾ: ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਜਾਣ ਵਾਲੇ ਕੋਰਸਾਂ ਬਾਰੇ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 Jagat Guru Nanak Dev Punjab State Open University, Patiala ਵੱਲੋਂ ਅਧਿਆਪਕਾਂ ਲਈ ਵੱਖ-ਵੱਖ ਤਰ੍ਹਾਂ ਦੇ ਕੋਰਸ ਕਰਵਾਏ ਜਾਂਦੇ ਹਨ। ਇਹਨਾਂ ਕੋਰਸਾਂ ਬਾਰੇ ਅਧਿਆਪਕਾਂ ਨੂੰ ਜਾਣੂ ਕਰਵਾਉਣ ਲਈ ਯੂਨੀਵਰਸਿਟੀ ਅਤੇ ਸਕੂਲ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਵੱਲੋਂ ਯੂਨੀਵਰਸਿਟੀ ਦੁਆਰਾ ਕਰਵਾਏ ਜਾਂਦੇ ਕੋਰਸਾਂ (ਪੱਤਰ ਵਿਹਾਰ/ Distance mode) ਸਬੰਧੀ, ਕੋਰਸਾਂ ਦੀ ਫੀਸ ਅਤੇ ਕੋਰਸ ਦੇ ਸਮੇਂ ਆਦਿ ਬਾਰੇ ਵਿਸਤਾਰ ਨਾਲ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਉੱਕਤ ਲੈਕਚਰ ਹੇਠ ਲਿਖੇ ਅਨੁਸਾਰ ਐਜੂਸੈਟ ਰਾਹੀਂ ਦਿੱਤਾ ਜਾਵੇਗਾ:

**ਮਿਤੀ: 27-09-2022**

**ਸਮਾਂ: ਬਾਅਦ ਦੁਪਹਿਰ 1.00 ਤੋਂ 2.00 ਵਜੇ ਤੱਕ**

3.0 ਜਿਹਨਾਂ ਸਕੂਲਾਂ ਵਿੱਚ ਐਜੂਸੈਟ ਦੀ ਸੁਵਿਧਾ ਉਪਲਬਧ ਨਹੀਂ ਹੈ, ਉੱਥੇ ਸਕੂਲ ਮੁਖੀ / ਇੰਚਾਰਜ ਆਪਣੇ ਨੇੜਲੇ ਸਕੂਲ ਜਿਥੇ ਵੀ ਐਜੂਸੈਟ ਹੈ, ਉੱਥੇ ਇਹ ਲੈਕਚਰ ਅਟੈਂਡ ਕਰਨਗੇ।

4.0 ਐਜੂਸੈਟ ਲੈਕਚਰ ਟੈਲੀਕਾਸਟ ਕਰਨ ਤੋਂ ਪਹਿਲਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)/(ਐ.ਸਿ.) ਦੀ ਇੱਕ Online meeting ਮਿਤੀ 23-09-2022 ਨੂੰ ਬਾਅਦ ਦੁਪਹਿਰ 1.00 ਵਜੇ ਤੋਂ 2.00 ਵਜੇ ਤੱਕ ਕੀਤੀ ਜਾਵੇਗੀ। ਇਸ ਮੀਟਿੰਗ ਸਬੰਧੀ ਲਿੰਕ ਯੂਨੀਵਰਸਿਟੀ ਦੇ ਅਧਿਕਾਰੀਆਂ ਵੱਲੋਂ ਭੇਜਿਆ ਜਾਵੇਗਾ।

5.0 ਸਬੰਧਤਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ ਜੀ।

**(ਡਾ. ਮਨਿੰਦਰ ਸਿੰਘ ਸਰਕਾਰੀਆ) ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ ਮਿਤੀ: 21-09-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ.ਟੂ. ਸਕੱਤਰ ਸਕੂਲ ਸਿੱਖਿਆ।
2. ਪੀ.ਏ.ਟੂ. ਡੀ.ਜੀ.ਐਸ.ਈ।
3. ਪੀ.ਏ.ਟੂ. ਡੀ.ਪੀ.ਆਈ (ਐ.ਸਿ.)/ (ਸੈ.ਸਿ.)
4. ਪੀ.ਏ.ਟੂ. ਡਾਇਰੈਕਟਰ,ਐਸ.ਸੀ.ਈ.ਆਰ.ਟੀ.
5. ਉੱਪ-ਕੁਲਪਤੀ, ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ, ਪਟਿਆਲਾ।

21/9/22

**ਸਹਾਇਕ ਡਾਇਰੈਕਟਰ**

**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**